ਬਹੁਰੰਗੀ
ਸਚੁ ਸੁਣਾਇਸੀ ਸਚ ਕੀ ਬੇਲਾ ਬੁਧਵਾਰ, 1 ਜਨਵਰੀ, 2014
ਰੋਜ਼ਾਨਾ ਸਪੋਕਸਮੈਨ

2013 ਦੀਆਂ ਸੁਆਦਲੀਆਂ-ਬੇਸੁਆਦਲੀਆਂ ਯਾਦਾਂ

ਬਲਵਿੰਦਰ ਸਿੰਘ
ਕੋਟਕਪੂਰਾ

ਸਾਡੀ ਸੱਭ ਦੀ ਜ਼ਿੰਦਗੀ ਵਿਚੋਂ ਸਾਲ 2013 ਦੂਰ ਹੋ ਚੁੱਕਾ ਹੈ ਤੇ ਅਸੀ ਸਾਰੇ 2014 ਵਿਚ ਦਾਖ਼ਲ ਹੋ ਚੁੱਕੇ ਹਾਂ। ਨਵੇਂ ਵਰ੍ਹੇ ਦਾ ਅਸੀ ਸਵਾਗਤ ਕਰਦੇ ਹਾਂ। ਸਾਲ 2013 ਵਿਚ ਕਦੋਂ ਕੀ ਹੋਇਆ? ਪੇਸ਼ ਹੈ ਇਸ ਬਾਰੇ ਕੁੱਝ ਝਲਕਾਂ:

ਜਨਵਰੀ

1 ਜਨਵਰੀ ਪੰਜਾਬ ਦੇ ਸਿਖਿਆ ਵਿਭਾਗ ਵਲੋਂ ਪ੍ਰਿੰਸੀਪਲ ਕੌਰ ਸਿੰਘ ਡੀ.ਪੀ.ਆਈ. ਐਲੀਮੈਂਟਰੀ ਨਿਯੁਕਤ।
1 ਜਨਵਰੀ ਕ੍ਰਿਕਟ ਕੁਮੈਂਟੇਟਰ ਅਤੇ ਮੈਲਬਰਨ ਕ੍ਰਿਕਟ ਕਲੱਬ ਦੇ ਸਾਬਕਾ ਪ੍ਰਧਾਨ ਕ੍ਰਿਸਟੋਫ਼ਰ ਮਾਰਟਿਨ ਜੈਨਕਿਨਜ਼ ਦਾ ਦੇਹਾਂਤ।
3 ਜਨਵਰੀ ਅਮਰੀਕਾ ਵਲੋਂ ਪਾਕਿਸਤਾਨ ਵਿਚ ਕੀਤੇ ਗਏ ਤਾਜ਼ਾ ਡਰੋਨ ਹਮਲਿਆਂ 'ਚ ਪਾਕਿ ਪੱਖੀ ਤਾਲਿਬਾਨ ਆਗੂ ਮੁੱਲਾ ਨਜ਼ੀਰ ਸਣੇ 10 ਹਲਾਕ।
3 ਜਨਵਰੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਮੈਂਬਰ ਤੇ ਇਸਤਰੀ ਅਕਾਲੀ ਦਲ ਦੀ ਮੀਡੀਆ ਇੰਚਾਰਜ ਬੀਬੀ ਪਰਮਜੀਤ ਕੌਰ ਲਾਂਡਰਾਂ ਨੂੰ ਪੰਜਾਬ ਮਹਿਲਾ ਕਮਿਸ਼ਨ ਚੇਅਰਪਰਸਨ ਦੀ ਜ਼ਿੰਮੇਵਾਰੀ ਸੌਂਪੀ।
4 ਜਨਵਰੀ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਗਿਆਨੀ ਮਹਿੰਦਰ ਸਿੰਘ ਦਾ 105 ਸਾਲਾ ਦੀ ਉਮਰ ਭੋਗ ਕੇ ਅਚਾਨਕ ਦੇਹਾਂਤ।
5 ਜਨਵਰੀ ਕੇ.ਬੀ.ਸੀ. ਵਿਚ ਸੁਨਮੀਤ ਕੌਰ ਮੁੰਬਈ ਨੇ ਜਿੱਤੇ 5 ਕਰੋੜ ਰੁਪਏ।
5 ਜਨਵਰੀ ਪੋਲੈਂਡ ਦੀ ਖਿਡਾਰਨ ਐਗਨਿਸਕਾ ਰੈਦਵਾਸਕਾ ਆਕਲੈਂਡ ਕਲਾਸਿਕ ਓਪਨ ਖ਼ਿਤਾਬ 'ਤੇ ਕਾਬਜ਼ ਹੋਈ।
6 ਜਨਵਰੀ ਆਸਟਰੇਲੀਆ ਕ੍ਰਿਕਟਰ ਮਾਈਕਲ ਹਸੀ ਨੇ ਟੈਸਟ ਕ੍ਰਿਕਟ ਨੂੰ ਅਲਵਿਦਾ ਆਖਿਆ।

8 ਜਨਵਰੀ ਡਾ. ਤੇਜਿੰਦਰ ਕੌਰ ਧਾਲੀਵਾਲ ਬਣੀ ਪੰਜਾਬ ਸਕੂਲ ਸਿਖਿਆ ਬੋਰਡ ਦੀ ਚੇਅਰਪਰਸਨ।
8 ਜਨਵਰੀ ਝਾਰਖੰਡ ਦੇ ਮੁੱਖ ਮੰਤਰੀ ਅਰਜੁਨ ਮੁੰਡਾ ਨੇ ਦਿਤਾ ਅਸਤੀਫ਼ਾ ਤੇ ਵਿਧਾਨ ਸਭਾ ਭੰਗ ਦੀ ਸਿਫ਼ਾਰਸ਼।
8 ਜਨਵਰੀ ਅਰਜਨਟੀਨਾ ਦੇ ਸਟਰਾਈਕਰ ਲਾਇਨਲ ਮੈਸੀ ਨੇ ਲਗਾਤਾਰ ਚੌਥੀ ਵਾਰ ਜਿਤਿਆ ਫ਼ੀਫ਼ਾ ਦਾ ਸਰਵੋਤਮ ਖਿਡਾਰੀ ਪੁਰਸਕਾਰ।
10 ਜਨਵਰੀ ਪਾਕਿਸਤਾਨ ਦੇ ਸੂਬੇ ਬਲੋਚਿਸਤਾਨ ਦੀ ਰਾਜਧਾਨੀ ਕੋਇਟਾ 'ਚ ਦੋ ਬੰਬ ਧਮਾਕਿਆਂ ਵਿਚ 32 ਮਰੇ, 150 ਜ਼ਖ਼ਮੀ।
15 ਜਨਵਰੀ ਕਮਲ ਸ਼ਰਮਾ ਭਾਰਤੀ ਜਨਤਾ ਪਾਰਟੀ ਪੰਜਾਬ ਇਕਾਈ ਦੇ ਪ੍ਰਧਾਨ ਚੁਣੇ ਗਏ।
16 ਜਨਵਰੀ ਜੇ.ਬੀ.ਟੀ. ਅਧਿਆਪਕ ਭਰਤੀ ਘੁਟਾਲੇ ਵਿਚ ਓਮ ਪ੍ਰਕਾਸ਼ ਚੌਟਾਲਾ ਤੇ ਬੇਟੇ ਸਣੇ 54 ਦੋਸ਼ੀ ਕਰਾਰ ਤੇ ਜੇਲ ਗਏ।
18 ਜਨਵਰੀ ਕੇਂਦਰ ਨੇ ਝਾਰਖੰਡ 'ਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਤੇ 12 ਸਾਲ ਦੇ ਇਤਿਹਾਸ 'ਚ ਤੀਜੀ ਵਾਰ ਰਾਸ਼ਟਰਪਤੀ ਰਾਜ ਲਗਾਇਆ ਗਿਆ।
19 ਜਨਵਰੀ ਰਾਹੁਲ ਗਾਂਧੀ ਬਣੇ ਕਾਂਗਰਸ ਦੇ ਮੀਤ ਪ੍ਰਧਾਨ।
20 ਜਨਵਰੀ ਅਮਰੀਕਾ ਦੇ ਉਪ ਰਾਸ਼ਟਰਪਤੀ ਜੋਏ ਬਿਡੇਨ ਨੇ ਦੂਜੀ ਵਾਰ ਅਹੁਦੇ ਦੀ ਸਹੁੰ ਚੁਕੀ।
20 ਜਨਵਰੀ ਮੁੰਬਈ ਮੈਰਾਥਨ 'ਚ ਯੁਗਾਂਡਾ ਦੇ ਜੈਕਸਨ ਕਿਪਰੌਨ ਤੇ ਕੀਨੀਆ ਦੀ ਵੈਲੇਂਟਾਈਨ ਕਿਪਕੇਟਰ ਨੇ 10ਵੀਂ ਸਟੈਂਡਰਡ ਚਾਰਟਰ ਮੁੰਬਈ ਮੈਰਾਥਨ ਤੇ ਕੀਤਾ ਕਬਜ਼ਾ।

22 ਜਨਵਰੀ ਸੀ.ਬੀ.ਆਈ. ਅਦਾਲਤ ਨੇ ਚੌਟਾਲਾ ਪਿਉ-ਪੁੱਤਰ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ।
22 ਜਨਵਰੀ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਨਿਤਿਨ ਗਡਕਰੀ ਨੇ ਭਾਜਪਾ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦਿਤਾ।
23 ਜਨਵਰੀ ਉੱਘੇ ਲੇਖਕ ਤੇ ਮਾਰਕਸੀ ਚਿੰਤਕ ਡਾ. ਪ੍ਰੇਮ ਸਿੰਘ ਦਾ ਦੇਹਾਂਤ।
23 ਜਨਵਰੀ ਭਾਰਤੀ ਜਨਤਾ ਪਾਰਟੀ ਦੇ ਰਾਜਨਾਥ ਸਿੰਘ ਅਚਾਨਕ ਮੁੜ ਪਾਰਟੀ ਦੇ ਪ੍ਰਧਾਨ ਬਣੇ।
25 ਜਨਵਰੀ ਸ੍ਰੀ ਅਕਾਲ ਤਖ਼ਤ ਵਲੋਂ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲਿਆਂ ਨੂੰ ਸ਼੍ਰੋਮਣੀ ਪੰਥਕ ਰਾਗੀ ਅਤੇ ਗਿਆਨੀ ਪਿੰਦਰਪਾਲ ਸਿੰਘ ਨੂੰ ਭਾਈ ਸਾਹਿਬ ਦੀ ਉਪਾਧੀ ਨਾਲ ਕੀਤਾ ਸਨਮਾਨਤ।
27 ਜਨਵਰੀ ਐਨ.ਆਰ.ਆਈ. ਸਭਾ ਪੰਜਾਬ ਦੇ ਜਸਬੀਰ ਸਿੰਘ ਸ਼ੇਰਗਿੱਲ ਬਣੇ ਪ੍ਰਧਾਨ।
27 ਜਨਵਰੀ ਦੁਨੀਆਂ ਦੇ ਨੰਬਰ ਇਕ ਖਿਡਾਰੀ ਨੋਵਾਕ ਜ਼ੋਕੋਵਿਚ ਨੇ ਲਗਾਤਾਰ ਤੀਜੀ ਵਾਰ ਓਪਨ ਟੈਨਿਸ ਖ਼ਿਤਾਬ ਜਿੱਤ ਕੇ ਰਚਿਆ ਇਤਿਹਾਸ।
28 ਜਨਵਰੀ ਮੁੰਬਈ ਨੇ 40ਵੀਂ ਵਾਰ ਰਣਜੀ ਟਰਾਫ਼ੀ ਦਾ ਖ਼ਿਤਾਬ ਜਿਤਿਆ।
29 ਜਨਵਰੀ ਕਜ਼ਾਕਸਤਾਨ ਦੀ ਘਰੇਲੂ ਐਸ.ਸੀ.ਏ.ਟੀ. ਏਅਰਲਾਈਨਜ਼ ਦਾ ਜਹਾਜ਼ ਹਾਦਸੇ ਦਾ ਸ਼ਿਕਾਰ 20 ਹਲਾਕ।
30 ਜਨਵਰੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਵੱਡੀ ਜਿੱਤ ਦਰਜ ਕੀਤੀ।

ਫ਼ਰਵਰੀ

1 ਫ਼ਰਵਰੀ ਪਾਕਿਸਤਾਨ ਦੇ ਗੜਬੜ ਗ੍ਰਸਤ ਉੱਤਰ ਪਛਮੀ ਖੇਤਰ 'ਚ ਮਸਜਿਦ ਨੇੜੇ ਬੰਬ ਧਮਾਕੇ 'ਚ 22 ਮਰੇ, 40 ਜ਼ਖ਼ਮੀ।
4 ਫ਼ਰਵਰੀ ਪੰਜਾਬੀ ਦੇ ਪ੍ਰਸਿੱਧ ਆਲੋਚਕ ਤੇ ਕਹਾਣੀਕਾਰ ਮਨਿੰਦਰ ਕਾਂਗ ਦਾ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ।
6 ਫ਼ਰਵਰੀ ਪਾਕਿਸਤਾਨ 'ਚ ਜ਼ੋਰਦਾਰ ਮੀਂਹ ਤੇ ਬਰਫ਼ਬਾਰੀ ਕਾਰਨ 40 ਮੌਤਾਂ।
8 ਫ਼ਰਵਰੀ ਪੰਜਾਬੀ ਨਾਵਲਕਾਰ, ਕਹਾਣੀਕਾਰ ਤੇ ਤ੍ਰੈਮਾਸਿਕ ਅਲਖ ਦੇ ਸੰਪਾਦਕ ਕਰਨੈਲ ਸਿੰਘ ਨਿੱਝਰ ਦਾ ਦਿਲ ਦਾ ਦੌਰ ਪੈਣ ਕਾਰਨ ਦੇਹਾਂਤ।
6 ਫ਼ਰਵਰੀ ਆਰ.ਡੀ.ਐਕਸ ਮਾਮਲੇ 'ਚ ਵਧੀਕ ਸੈਸ਼ਨ ਜੱਜ ਨੇ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ 10 ਸਾਲ ਦੀ ਸਜ਼ਾ ਸੁਣਾਈ।
9 ਫ਼ਰਵਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਟੀ ਫ਼ਤਿਹਗੜ੍ਹ ਸਾਹਿਬ ਦੇ ਮੁਅੱਤਲ ਵੀ.ਸੀ. ਜਸਬੀਰ ਸਿੰਘ ਆਹਲੂਵਾਲੀਆ ਨੇ ਅਸਤੀਫ਼ਾ ਦਿਤਾ।

9 ਫ਼ਰਵਰੀ 2001 ਵਿਚ ਸੰਸਦ 'ਤੇ ਹੋਏ ਹਮਲੇ ਦੇ ਦੋਸ਼ੀ ਮੁਹੰਮਦ ਅਫ਼ਜ਼ਲ ਗੁਰੂ ਨੂੰ ਤਿਹਾੜ ਜੇਲ 'ਚ ਦਿਤੀ ਫਾਂਸੀ।
10 ਫ਼ਰਵਰੀ ਇਰਾਨੀ ਟਰਾਫ਼ੀ 'ਤੇ ਰੈਸਟ ਆਫ਼ ਇੰਡੀਆ 26ਵੀਂ ਵਾਰ ਕਬਜ਼ਾ ਕਰਨ 'ਚ ਕਾਮਯਾਬ।
12 ਫ਼ਰਵਰੀ ਕੌਮਾਂਤਰੀ ਓਲੰਪਿਕ ਕਮੇਟੀ ਨੇ ਓਲੰਪਿਕ 'ਚ ਸ਼ਾਮਲ ਸੱਭ ਤੋਂ ਪੁਰਾਣੀ ਖੇਡ ਕੁਸ਼ਤੀ ਨੂੰ 2020 ਦੀਆਂ ਓਲੰਪਿਕ ਖੇਡਾਂ ਵਿਚ ਖ਼ਤਮ ਕੀਤਾ।
18 ਫ਼ਰਵਰੀ ਆਸਟਰੇਲੀਆ ਦੀ ਮਹਿਲਾ ਕ੍ਰਿਕਟ ਟੀਮ ਨੇ ਛੇਵੀਂ ਵਾਰ ਮਹਿਲਾ ਵਿਸ਼ਵ ਕੱਪ ਦਾ ਖ਼ਿਤਾਬ ਜਿਤਿਆ।
18 ਫ਼ਰਵਰੀ ਵਿਸ਼ਵ ਚੈਂਪੀਅਨ ਵਿਸ਼ਵਨਾਥਨ ਆਨੰਦ ਨੇ ਮੇਜ਼ਬਾਨ ਜਰਮਨੀ ਦੇ ਅਰਕਾਟੀਜ਼ ਨਾਈਦਿਸ ਨੂੰ ਹਰਾ ਕੇ ਜਿਤਿਆ ਗ੍ਰੇਨ ਕੇ ਸ਼ਤਰੰਜ ਦਾ ਖ਼ਿਤਾਬ।
21 ਫ਼ਰਵਰੀ ਹੈਦਰਾਬਾਦ 'ਚ ਲੜੀਵਾਰ ਤਿੰਨ ਬੰਬ ਧਮਾਕਿਆਂ ਨਾਲ 22 ਹਲਾਕ, 60 ਜ਼ਖ਼ਮੀ।
24 ਫ਼ਰਵਰੀ ਸੰਸਾਰ ਦੇ ਸੱਭ ਤੋਂ ਬਜ਼ੁਰਗ ਮੈਰਾਥਨ ਦੌੜਾਕ 101 ਸਾਲਾ ਬਾਬਾ ਫ਼ੌਜਾ ਸਿੰਘ ਨੇ ਮੈਰਾਥਨ ਤੋਂ ਲਿਆ ਸੰਨਿਆਸ।
26 ਫ਼ਰਵਰੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਨਜੀਤ ਸਿੰਘ ਜੀ.ਕੇ. ਬਣੇ ਪ੍ਰਧਾਨ।

ਮਾਰਚ

4 ਮਾਰਚ ਜਲੰਧਰ-ਨਕੋਦਰ ਰੋਡ ਤੇ ਪਿੰਡ ਗਹੀਰ ਨੇੜੇ ਸਕੂਲ ਬੱਸ ਹਾਦਸੇ 'ਚ 13 ਬੱਚਿਆਂ ਤੇ ਡਰਾਈਵਰ ਦੀ ਮੌਤ, 8 ਜ਼ਖ਼ਮੀ।
5 ਮਾਰਚ ਕਾਂਗਰਸ ਹਾਈ ਕਮਾਂਡ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਹਟਾ ਕੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਪ੍ਰਧਾਨ ਥਾਪੇ।
10 ਮਾਰਚ ਜੰਮੂ ਕਸ਼ਮੀਰ ਲਿਬਰੇਸ਼ਨ ਫ਼ਰੰਟ ਦੇ ਚੇਅਰਮੈਨ ਯਾਸੀਨ ਮਲਿਕ ਗ੍ਰਿਫ਼ਤਾਰ।
12 ਮਾਰਚ ਭਾਰਤ ਨੇ ਦੇਸ਼ ਵਿਚ ਵਿਕਸਤ ਦਰਮਿਆਨੀ ਦੂਰੀ ਤਕ ਮਾਰ ਕਰਨ ਵਾਲੀ ਸਬ ਸੈਨਿਕ ਕਰੂਜ਼ ਮਿਜ਼ਾਈਲ "ਨਿਰਭੈ" ਪ੍ਰੀਖਣ ਨਿਸ਼ਾਨੇ ਤੋਂ ਭਟਕੀ।

14 ਮਾਰਚ ਵਿਸ਼ਵ ਦੀ ਸੱਭ ਤੋਂ ਵੱਧ ਵਸੋਂ ਵਾਲੇ ਚੀਨ ਦੇ ਸ਼ੀ ਚਿਨਪਿੰਗ ਦੇਸ਼ ਦੇ ਨਵੇਂ ਰਾਸ਼ਟਰਪਤੀ ਬਣੇ।
15 ਮਾਰਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 2013-14 ਲਈ 8 ਅਰਬ ਤੋਂ ਵੱਧ ਦਾ ਬਜਟ ਪਾਸ।
16 ਮਾਰਚ ਭਾਰਤੀ ਬੱਲੇਬਾਜ਼ ਸ਼ਿਖਰ ਧਵਨ ਪਹਿਲੇ ਹੀ ਟੈਸਟ 'ਚ 185 ਦੌੜਾਂ ਦੀ ਨਾਬਾਦ ਪਾਰੀ ਖੇਡ ਕੇ ਸਿਖਰ 'ਤੇ ਪਹੁੰਚਿਆ।
17 ਮਾਰਚ ਐਂਜਲਾ ਬੁਦਰਜ਼ ਜੋੜੀ 'ਤੇ ਉਦੋਂ ਪਹਾੜ ਟੁੱਟ ਪਿਆ ਜਦੋਂ ਗਾਇਕ ਸੰਤੋਖ ਐਂਜਲਾ ਉਰਫ਼ ਸੁਖਰਾਜ ਐਂਜਲਾ ਦਾ ਸੜਕ ਹਾਦਸੇ 'ਚ ਦੇਹਾਂਤ।

ਅਪ੍ਰੈਲ

1 ਅਪ੍ਰੈਲ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਸੁੱਖੂ ਹਿਮਾਚਲ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਬਣੇ।
2 ਅਪ੍ਰੈਲ ਅਮਰਿੰਦਰ ਸਿੰਘ ਬਜਾਜ ਬਣੇ ਪਟਿਆਲਾ ਦੇ ਮੇਅਰ।
5 ਅਪ੍ਰੈਲ ਕੁਰੂਕਸ਼ੇਤਰ ਯੂਨੀਵਰਸਟੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਚੇਅਰ ਸਥਾਪਤ।
6 ਅਪ੍ਰੈਲ ਭਾਰਤੀ ਕੌਮੀ ਰਾਈਫ਼ਲ ਐਸੋਸੀਏਸ਼ਨ ਦੇ ਰਣਇੰਦਰ ਸਿੰਘ ਚਾਰ ਸਾਲ ਲਈ ਪ੍ਰਧਾਨ ਬਣੇ।
7 ਅਪ੍ਰੈਲ ਪ੍ਰਮਾਣੂ ਹਥਿਆਰ ਲਿਜਾਣ ਦੇ ਸਮਰੱਥ ਅਗਨੀ-2 ਮਿਜ਼ਾਈਲ ਦਾ ਸਫ਼ਲ ਪ੍ਰੀਖਣ।
8 ਅਪ੍ਰੈਲ ਬਰਤਾਨੀਆ ਦੀ ਪਹਿਲੀ ਤੇ ਇਕਲੌਤੀ ਮਹਿਲਾ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦਾ ਦੇਹਾਂਤ।

11 ਅਪ੍ਰੈਲ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਦੀ ਮੰਗ ਸੁਪਰੀਮ ਕੋਰਟ ਵਲੋਂ ਖ਼ਾਰਜ ਤੇ ਸਜ਼ਾ ਬਰਕਰਾਰ।
12 ਅਪ੍ਰੈਲ ਪਟਿਆਲਾ ਦੇ ਮੇਅਰ ਅਮਰਿੰਦਰ ਸਿੰਘ ਬਜਾਜ ਨੇ ਅਹੁਦਾ ਸੰਭਾਲਿਆ।
16 ਅਪ੍ਰੈਲ ਈਰਾਨ 'ਚ ਭੂਚਾਲ ਕਾਰਨ ਸੈਂਕੜੇ ਮੌਤਾਂ ਦਾ ਡਰ, ਪਾਕਿਸਤਾਨ ਵਿਚ 21 ਮਰੇ।
18 ਅਪ੍ਰੈਲ ਅਮਰੀਕਾ ਵਿਚ ਪ੍ਰਮਾਣੂ ਬੰਬ ਵਰਗਾ ਧਮਾਕਾ 70 ਮੌਤਾਂ ਦਾ ਖ਼ਦਸ਼ਾ 100 ਤੋਂ ਉਪਰ ਜ਼ਖ਼ਮੀ।
19 ਅਪ੍ਰੈਲ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ਼ ਗ੍ਰਿਫ਼ਤਾਰ।
20 ਅਪ੍ਰੈਲ ਚੀਨ 'ਚ ਭੂਚਾਲ ਕਾਰਨ 157 ਮੌਤਾਂ 5700 ਤੋਂ ਵੱਧ ਜ਼ਖ਼ਮੀ।

21 ਅਪ੍ਰੈਲ ਮਨਦੀਪ ਕੌਰ ਨੇ ਜਿਤਿਆ ਸੁਰ ਸਿਰਤਾਜ ਦਾ ਖ਼ਿਤਾਬ।
22 ਅਪ੍ਰੈਲ ਬੰਗਲਾਦੇਸ਼ ਸੰਸਦ ਦੇ ਸਪੀਕਰ ਤੇ ਸੀਨੀਅਰ ਆਗੂ ਅਬਦੁਲ ਹਮੀਦ ਰਾਸ਼ਟਰਪਤੀ ਬਣੇ।
24 ਅਪ੍ਰੈਲ ਬੰਗਲਾਦੇਸ਼ ਵਿਚ ਅੱਠ ਮੰਜ਼ਿਲਾ ਵਪਾਰਕ ਇਮਾਰਤ ਡਿੱਗਣ ਨਾਲ 100 ਮੌਤਾਂ, 800 ਬੰਦੇ ਜ਼ਖ਼ਮੀ।
24 ਅਪ੍ਰੈਲ "ਕੱਤਿਆ ਕਰੂੰ ਤੇਰੀ ਰੂੰ" ਵਾਲੀ ਸਮਸ਼ਾਦ ਬੇਗਮ ਨਹੀਂ ਰਹੀ।
27 ਅਪ੍ਰੈਲ ਜੂਨ 1984 ਵਿਚ ਦਰਬਾਰ ਸਾਹਿਬ ਕੰਪਲੈਕਸ ਤੇ ਫ਼ੌਜੀ ਹਮਲੇ 'ਚ ਸ਼ਹੀਦ ਹੋਏ ਸੈਂਕੜੇ ਸ਼ਰਧਾਲੂਆਂ ਦੀ ਯਾਦਗਾਰ ਗੁਰਦੁਆਰਾ ਸ਼ਹੀਦੀ ਯਾਦਗਾਰ ਕੌਮ ਨੂੰ ਸਮਰਪਤ।
30 ਅਪ੍ਰੈਲ ਸਿੱਖ ਕਤਲੇਆਮ ਦੇ ਮਾਮਲੇ ਵਿਚ ਸੱਜਣ ਕੁਮਾਰ ਬਰੀ, ਪੰਜ ਦੋਸ਼ੀ ਕਰਾਰ।

ਮਈ

1 ਮਈ ਪਾਕਿ ਦੀ ਕੋਟ ਲਖਪਤ ਜੇਲ ਵਿਚ ਕੈਦੀਆਂ ਵਲੋਂ ਕੀਤੇ ਹਮਲੇ ਵਿਚ ਭਾਰਤੀ ਕੈਦੀ ਸਰਬਜੀਤ ਸਿੰਘ ਦੀ ਮੌਤ।
3 ਮਈ ਪੰਜਾਬ ਵਿਧਾਨ ਸਭਾ ਨੇ ਸਰਬਜੀਤ ਸਿੰਘ ਨੂੰ ਕੌਮੀ ਸ਼ਹੀਦ ਐਲਾਨਿਆ।
6 ਮਈ ਮਲੇਸ਼ੀਆ ਦੇ ਨਾਜਿਬ ਰਜ਼ਾਕ ਨੇ ਦੂਜੀ ਵਾਰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ।
8 ਮਈ ਕਾਂਗਰਸ ਨੇ ਕਰਨਾਟਕ 'ਚ ਸ਼ਾਨਦਾਰ ਵਾਪਸੀ ਕਰਦਿਆਂ 7 ਸਾਲ ਮਗਰੋਂ ਮੁੜ ਦਖਣੀ ਗੜ੍ਹ 'ਤੇ ਕੀਤਾ ਕਬਜ਼ਾ।
9 ਮਈ ਪਾਕਿਸਤਾਨੀ ਕੈਦੀ ਸਨਾਉੱਲਾ ਹੱਕ ਦੀ ਚੰਡੀਗੜ੍ਹ ਦੇ ਪੀ.ਜੀ.ਆਈ. ਹਸਪਤਾਲ ਵਿਚ ਮੌਤ।
10 ਮਈ ਭ੍ਰਿਸ਼ਟਾਚਾਰ ਤੇ ਵਿਸ਼ਵਾਸਘਾਤ ਦੇ ਮਾਮਲਿਆਂ ਵਿਚ ਬੁਰੀ ਤਰ੍ਹਾਂ ਫਸੇ ਕੇਂਦਰੀ ਰੇਲ ਮੰਤਰੀ ਪਵਨ ਕੁਮਾਰ ਬਾਂਸਲ ਤੇ ਕਾਨੂੰਨ ਮੰਤਰੀ ਅਸ਼ਵਨੀ ਕੁਮਾਰ ਵਲੋਂ ਅਸਤੀਫ਼ੇ।

12 ਮਈ ਪਾਕਿਸਤਾਨ ਵਿਚ ਆਮ ਚੋਣਾਂ ਵਿਚ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਨਵਾਜ਼ ਸ਼ਰੀਫ਼ ਦੀ ਪਾਰਟੀ ਨੂੰ ਭਾਰੀ ਬਹੁਮਤ, ਤੀਜੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣਨਾ ਤੈਅ।
12 ਮਈ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਲ ਇੰਡੀਆ ਜਾਟ ਮਹਾਂਸਭਾ ਦੇ ਪ੍ਰਧਾਨ ਬਣੇ।
12 ਮਈ 'ਉੱਚਾ ਦਰ ਬਾਬੇ ਨਾਨਕ ਦਾ' ਦੀ ਉਸਾਰੀ ਦਾ ਆਰੰਭ ਕੇਵਲ ਬੀਬੀਆਂ ਨੇ ਕਰ ਕੇ ਇਤਿਹਾਸ ਸਿਰਜਿਆ। 'ਬੇਬੇ ਨਾਨਕੀ' ਰਸੋਈ ਦਾ ਪਹਿਲਾ ਟੱਕ ਲਾਉਣ ਸਮੇਂ ਮਰਦ ਵੀ ਮੌਜੂਦ ਸਨ ਪਰ ਨੀਂਹ ਪੱਥਰ ਕੇਵਲ ਬੀਬੀਆਂ ਨੇ ਇਕੱਠੇ ਹੋ ਕੇ ਰਖਿਆ।
13 ਮਈ ਸਿਧਾਰਮਈਆ ਨੇ ਕਰਨਾਟਕ ਦੇ 22ਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ।
17 ਮਈ ਇਰਾਕ 'ਚ 2 ਬੰਬ ਧਮਾਕਿਆਂ ਨਾਲ 49 ਵਿਅਕਤੀਆਂ ਦੀ ਮੌਤ, ਪਾਕਿਸਤਾਨ 'ਚ ਦੋ ਮਸਜਿਦਾਂ 'ਤੇ ਕੀਤੇ ਗਏ ਧਮਾਕਿਆਂ ਵਿਚ 15 ਵਿਅਕਤੀ ਮਰੇ, 50 ਜ਼ਖ਼ਮੀ।
17 ਮਈ ਭਾਰਤੀ ਟੇਬਲ ਟੈਨਿਸ ਐਸੋਸੀਏਸ਼ਨ ਦੇ ਜਨਰਲ ਸਕੱਤਰ ਧਨਰਾਜ ਚੌਧਰੀ ਅੰਤਰਰਾਸ਼ਟਰੀ ਟੇਬਲ ਟੈਨਿਸ ਫ਼ੈਡਰੇਸ਼ਨ ਦੇ ਬੋਰਡ ਆਫ਼ ਡਾਇਰੈਕਟਰ ਮੈਂਬਰ ਬਣਨ ਵਾਲੇ ਪਹਿਲੇ ਭਾਰਤੀ ਬਣੇ।

19 ਮਈ ਬੰਗਲੌਰ 'ਚ ਟਾਟਾ ਕੰਸਲਟੈਂਸੀ ਵਿਸ਼ਵ 10 ਹਜ਼ਾਰ ਮੀਟਰ ਮੈਰਾਥਨ 'ਚ ਕੀਨੀਆ ਦਾ ਔਲਟਿਪਟਿਪ ਜਿਤਿਆ, ਮਹਿਲਾ ਵਰਗ 'ਚ ਚੇਰੋਨ ਬਣੀ ਚੈਂਪੀਅਨ।
20 ਮਈ ਇਰਾਕ ਵਿਚ ਧਮਾਕਿਆਂ ਤੇ ਗੋਲੀਬਾਰੀ ਦੀਆਂ ਘਟਨਾਵਾਂ ਨਾਲ 75 ਮੌਤਾਂ, ਸੈਂਕੜੇ ਜ਼ਖ਼ਮੀ।
21 ਮਈ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿਚ ਅਕਾਲੀ ਭਾਜਪਾ ਗਠਜੋੜ ਦੀ ਹੂੰਝਾ ਫੇਰ ਜਿੱਤ।
21 ਮਈ ਅਮਰੀਕਾ 'ਚ ਤੂਫ਼ਾਨ ਦਾ ਕਹਿਰ 20 ਬੱਚਿਆਂ ਸਮੇਤ 90 ਮਰੇ।
27 ਮਈ ਭਾਰਤ ਦੇ ਤਜਰਬੇਕਾਰ ਬੱਲੇਬਾਜ਼ ਸਚਿਨ ਤੇਂਦੁਲਕਰ ਨੇ ਆਈ.ਪੀ.ਐਲ. ਤੋਂ ਲਿਆ ਸੰਨਿਆਸ।
27 ਮਈ ਮੁੰਬਈ ਇੰਡੀਅਨਜ਼ ਬਣੀ ਆਈ.ਪੀ.ਐਲ. ਦੀ ਚੈਂਪੀਅਨ।
28 ਮਈ ਭਾਜਪਾ ਦੇ ਬਾਗ਼ੀ ਸੰਸਦ ਮੈਂਬਰ ਰਾਮ ਜੇਠਮਲਾਨੀ ਦੀ ਭਾਜਪਾ ਵਿਚੋਂ ਛੁੱਟੀ।
28 ਮਈ ਉੱਘੇ ਆਜ਼ਾਦੀ ਘੁਲਾਟੀਏ, ਬਜ਼ੁਰਗ ਕਮਿਊਨਿਸਟ ਆਗੂ ਤੇ ਕਾਮਰੇਡ ਜਗਜੀਤ ਸਿੰਘ ਲਾਇਲਪੁਰੀ ਦਾ ਦੇਹਾਂਤ।
29 ਮਈ ਲੈਫ਼ਟੀਨੈਂਟ ਜਨਰਲ (ਸੇਵਾ ਮੁਕਤ) ਨਿਰਭੈ ਸ਼ਰਮਾ ਨੇ ਰਾਜਪਾਲ ਦੀ ਜ਼ਿੰਮੇਵਾਰੀ ਸੰਭਾਲੀ।
30 ਮਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਲਗਾਤਾਰ ਪੰਜਵੀਂ ਵਾਰ ਰਾਜ ਸਭਾ ਦੇ ਮੈਂਬਰ ਬਣੇ।

ਜੂਨ



2 ਜੂਨ ਪਾਕਿਸਤਾਨ ਵਿਚ ਵਸਦੇ ਸਿੱਖ ਰਮੇਸ਼ ਸਿੰਘ ਅਰੋੜਾ ਨੇ ਪਹਿਲੇ ਸਿੱਖ ਵਿਧਾਇਕ ਵਜੋਂ ਸਹੁੰ ਚੁੱਕੀ।
2 ਜੂਨ ਬੀ.ਸੀ.ਸੀ.ਆਈ. ਦੀ ਪ੍ਰਧਾਨਗੀ ਤੋਂ ਸ੍ਰੀ ਨਿਵਾਸਨ ਹਟਾਏ, ਜਗਮੋਹਨ ਡਾਲਮੀਆ ਬਣੇ ਕਾਰਜਕਾਰੀ ਪ੍ਰਧਾਨ।
3 ਜੂਨ ਚੀਨ ਵਿਖੇ ਪੋਲਟਰੀ ਫ਼ਾਰਮ ਵਿਚ ਭਿਆਨਕ ਅੱਗ 119 ਮੌਤਾਂ, 54 ਜ਼ਖ਼ਮੀ।
5 ਜੂਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਜੋਂ ਨਵਾਜ਼ ਸ਼ਰੀਫ਼ ਨੇ ਸਹੁੰ ਚੁੱਕੀ।
7 ਜੂਨ ਡਾ. ਬਲਵਿੰਦਰ ਸਿੰਘ ਸਿੱਧੂ ਪੰਜਾਬ ਦੇ ਖੇਤੀਬਾੜੀ ਕਮਿਸ਼ਨਰ ਨਿਯੁਕਤ।
8 ਜੂਨ ਸੇਰੇਨਾ ਵਿਲੀਅਮਜ਼ ਨੇ ਮਹਿਲਾ ਸਿੰਗਲਜ਼ ਦਾ ਦੂਜੀ ਵਾਰ ਜਿੱਤਿਆ ਫ਼ਰੈਂਚ ਓਪਨ ਦਾ ਖ਼ਿਤਾਬ।
9 ਜੂਨ ਭਾਜਪਾ ਨੇ 2014 ਦੀਆਂ ਸੰਸਦੀ ਚੋਣਾਂ ਲਈ ਨਰਿੰਦਰ ਮੋਦੀ ਨੂੰ ਚੋਣ ਪ੍ਰਚਾਰ ਕਮੇਟੀ ਦਾ ਮੁਖੀ ਥਾਪਿਆ।